**Press Note**


# JAGAT GURU NANAK DEV PUNJAB STATE OPEN UNIVERSITY
## PATIALA
(Established by Act No.19 of 2019 of Legislature of the State of Punjab)


PSOU/PRO/2024/95 09 July 2024

## JGND PSOU releases Prospectus for July 2024 Admission Cycle

Prof. Karamjeet Singh, Vice-Chancellor, Jagat Guru Nanak Dev Punjab State Open University (JGND PSOU), Patiala, released Prospectus-cum-Handbook of information for the academic session 2024-25. Prof. Baljit Singh Khehra, Registrar, Prof. G.S. Batra, Dean Academic Affairs, Dr. Navleen Multani, Dean Research, faculty and staff members were present during the release of Prospectus.

The prospectus provides comprehensive information on Technical/Professional Courses and UG & PG programmes (MA English, MA Punjabi, M.Com, M.Sc Computer Science, BCA, B.Sc and B.A). It includes essential details about new courses, scholarships, and the admission process. Students can download the prospectus from the university website or obtain it from the university administrative office.

Jagat Guru Nanak Dev Punjab State Open University, Patiala Established by the State Legislature Act No. 19 of 2019, is the first Open University in the state of Punjab. The University is dedicated to creating new opportunities for education and employment through its network of 89 learner support centres. JGND PSOU provides educational opportunities for all sections of society and has been extending its outreach to learners in jail, rural/remote areas, PwD, SC/ST Learners.

09/07/24

**Director**
**Public Relations**


Director-Public Relations Cell
Jagat Guru Nanak Dev
Punjab State Open University
Patiala – 147001(PB) INDIA

**JAGAT GURU NANAK DEV PUNJAB STATE OPEN UNIVERSITY**
**PATIALA**
**(Established by Act No.19 of 2019 of Legislature of the State of Punjab)**

**PSOU/PRO/2024/95** **09 ਜੁਲਾਈ 2024**

## ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਦੇ ਵਾਈਸ ਚਾਂਸਲਰ ਵੱਲੋਂ ਅਕਾਦਮਿਕ ਸੈਸ਼ਨ 2024-25 ਲਈ ਯੂਨੀਵਰਸਿਟੀ ਪ੍ਰਾਸਪੈਕਟਸ ਜਾਰੀ

ਪ੍ਰੋ. ਕਰਮਜੀਤ ਸਿੰਘ, ਵਾਈਸ ਚਾਂਸਲਰ, ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਵੱਲੋਂ ਅੱਜ ਮਿਤੀ 09 ਜੁਲਾਈ 2024 ਯੂਨੀਵਰਸਿਟੀ ਵੱਲੋਂ 2024-25 ਅਧਿਐਨ ਵਰ੍ਹੇ ਲਈ ਨਵਾਂ ਪ੍ਰੋਸਪੈਕਟਸ ਜਾਰੀ ਕੀਤਾ ਗਿਆ। ਇਸ ਮੌਕੇ ਤੇ ਪ੍ਰੋ. ਬਲਜੀਤ ਸਿੰਘ ਖਹਿਰਾ, ਰਜਿਸਟਰਾਰ, ਪ੍ਰੋ. ਗੁਰਦੀਪ ਸਿੰਘ ਬੱਤਰਾ, ਡੀਨ ਅਕਾਦਮਿਕ ਮਾਮਲੇ, ਡਾ. ਨਵਲੀਨ ਮੁਲਤਾਨੀ, ਡੀਨ ਰਿਸਰਚ, ਫੈਕਲਟੀ ਅਤੇ ਸਟਾਫ਼ ਮੌਜੂਦ ਸਨ।

ਇਸ ਪ੍ਰੋਸਪੈਕਟਸ ਵਿੱਚ ਵਿਦਿਆਰਥੀਆਂ ਲਈ ਤਕਨੀਕੀ ਅਤੇ ਪੇਸ਼ੇਵਰ ਕੋਰਸਾਂ ਦੀ ਵਿਆਪਕ ਜਾਣਕਾਰੀ ਦਿੱਤੀ ਗਈ ਹੈ। ਪ੍ਰੋ. ਕਰਮਜੀਤ ਸਿੰਘ, ਵਾਈਸ ਚਾਂਸਲਰ ਨੇ ਕਿਹਾ, "ਨਵਾਂ ਪ੍ਰੋਸਪੈਕਟਸ ਸਾਡੇ ਲਈ ਮਾਣ ਵਾਲੀ ਗੱਲ ਹੈ ਕਿਉਂਕਿ ਇਸ ਵਿੱਚ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਭਵਿੱਖ ਲਈ ਸੰਭਾਵਨਾਵਾਂ ਭਰਪੂਰ ਜਾਣਕਾਰੀ ਦਿੱਤੀ ਗਈ ਹੈ।" ਇਸ ਪ੍ਰੋਸਪੈਕਟਸ ਵਿੱਚ ਨਵੇਂ ਕੋਰਸਾਂ, ਸਕਾਲਰਸ਼ਿਪ ਅਤੇ ਐਡਮਿਸ਼ਨ ਪ੍ਰਕਿਰਿਆ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ ਹੈ। ਵਿਦਿਆਰਥੀ ਇਸ ਪ੍ਰੋਸਪੈਕਟਸ ਨੂੰ ਯੂਨੀਵਰਸਿਟੀ ਦੀ ਵੈਬਸਾਈਟ www.psou.ac.in ਤੋਂ ਡਾਊਨਲੋਡ ਕਰ ਸਕਦੇ ਹਨ ਜਾਂ ਯੂਨੀਵਰਸਿਟੀ ਦੇ ਪ੍ਰਸ਼ਾਸਨਿਕ ਦਫ਼ਤਰ ਤੋਂ ਪ੍ਰਾਪਤ ਕਰ ਸਕਦੇ ਹਨ।

ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਦੀ ਸਥਾਪਨਾ ਰਾਜ ਵਿਧਾਨ ਸਭਾ ਐਕਟ ਨੰਬਰ 19, 2019 ਦੁਆਰਾ ਪੰਜਾਬ ਸਟੇਟ ਦੀ ਪਹਿਲੀ ਓਪਨ ਯੂਨੀਵਰਸਿਟੀ ਵਜੋਂ ਕੀਤੀ ਗਈ ਹੈ। ਯੂਨੀਵਰਸਿਟੀ 108 ਲਰਨਰ ਸਪੋਰਟ ਸੈਂਟਰਾਂ ਦੇ ਆਪਣੇ ਨੈੱਟਵਰਕ ਰਾਹੀਂ ਸਿੱਖਿਆ ਅਤੇ ਰੁਜ਼ਗਾਰ ਲੱਭਣ ਵਾਲਿਆਂ ਲਈ ਨਵੇਂ ਰਾਹ ਖੋਲ੍ਹਣ ਦੀ ਕੋਸ਼ਿਸ਼ ਕਰ ਰਹੀ ਹੈ। ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਸਾਰਿਆਂ ਵਰਗਾਂ ਲਈ ਸਿੱਖਿਆ ਪ੍ਰਦਾਨ ਕਰਨ ਦੇ ਵਿਸ਼ੇਸ਼ ਅਵਸਰ ਪ੍ਰਦਾਨ ਕਰਦੀ ਹੈ।

09/07/24

ਡਾਇਰੈਕਟਰ
ਲੋਕ ਸੰਪਰਕ

**Director-Public Relations Cell**
Jagat Guru Nanak Dev
Punjab State Open University
Patiala – 147001(PB) INDIA

## News Clip

# ਓਪਨ ਯੂਨੀਵਰਸਿਟੀ ਦਾ ਪ੍ਰਾਸਪੈਕਟਸ ਜਾਰੀ

**ਪਟਿਆਲਾ:** ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਦੇ ਉਪ ਕੁਲਪਤੀ ਪ੍ਰੋ. ਕਰਮਜੀਤ ਸਿੰਘ ਵੱਲੋਂ 2024-25 ਅਧਿਐਨ ਵਰ੍ਹੇ ਲਈ ਨਵਾਂ ਪ੍ਰਾਸਪੈਕਟਸ ਜਾਰੀ ਕੀਤਾ ਗਿਆ। ਇਸ ਮੌਕੇ ਪ੍ਰੋ. ਬਲਜੀਤ ਸਿੰਘ ਖਹਿਰਾ, ਰਜਿਸਟਰਾਰ, ਪ੍ਰੋ. ਗੁਰਦੀਪ ਸਿੰਘ ਬੱਤਰਾ, ਡੀਨ ਅਕਾਦਮਿਕ ਮਾਮਲੇ, ਡਾ. ਨਵਲੀਨ ਮੁਲਤਾਨੀ, ਡੀਨ ਰਿਸਰਚ, ਫੈਕਲਟੀ ਅਤੇ ਸਟਾਫ਼ ਮੌਜੂਦ ਸਨ। ਪ੍ਰਾਸਪੈਕਟਸ ਵਿੱਚ ਵਿਦਿਆਰਥੀਆਂ ਲਈ ਤਕਨੀਕੀ ਅਤੇ ਪੇਸ਼ੇਵਰ ਕੋਰਸਾਂ ਦੀ ਜਾਣਕਾਰੀ ਦਿੱਤੀ ਗਈ। ਵੀਸੀ ਨੇ ਕਿਹਾ ਕਿ ਨਵਾਂ ਪ੍ਰਾਸਪੈਕਟਸ ਸਾਰਿਆਂ ਲਈ ਮਾਣ ਵਾਲੀ ਗੱਲ ਹੈ ਕਿਉਂਕਿ ਇਸ ਵਿੱਚ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਭਵਿੱਖ ਲਈ ਸੰਭਾਵਨਾਵਾਂ ਭਰਪੂਰ ਜਾਣਕਾਰੀ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਵਿਦਿਆਰਥੀ ਇਸ ਪ੍ਰਾਸਪੈਕਟਸ ਨੂੰ ਯੂਨੀਵਰਸਿਟੀ ਦੀ ਵੈੱਬਸਾਈਟ www.psou.ac.in ਤੋਂ ਡਾਊਨਲੋਡ ਕਰ ਸਕਦੇ ਹਨ ਜਾਂ ਯੂਨੀਵਰਸਿਟੀ ਦੇ ਪ੍ਰਸ਼ਾਸਨਿਕ ਦਫ਼ਤਰ ਤੋਂ ਪ੍ਰਾਪਤ ਕਰ ਸਕਦੇ ਹਨ। **-ਪੱਤਰ ਪ੍ਰੇਰਕ**

## Photos






## Links

**https://l.facebook.com/l.php?u=https%3A%2F%2Fadmissions.psou.ac.in%2Fasset%2Fdocs%2Fadmission%2FFinal-Prospectus-2July2024-FP7.pdf&h=AT1XLurFbBN9LlRCshpF9owIpDhrqyW4K2D3SaGEz0aLCdG88VG24hmoeod6K8yO-p4ZUGd0NiNnvZvXNezt9u6z1ntah1Wq7OzaZR6ELQRNvMX2ae6kYzi0ooPi4xPrVUMk_xjq5qZcFvIz3cEFc6mt_APjFfLHDWeq&__tn__=-UK-R&c[0]=AT0taxFewNBZSRoRNIcGrMRiiqUH5ctnOV7lcEuWpS9CqkxOzEcTrdh6GNoGb9O60LSDX0CeojA9tl0q9ADI5q7Rpc8MwSygOIaZFmDUgxS_2xvMd_fk_Ndb-K23dYGaUcJPcnTl5RCV5g6OEWGEPMh8LHMuhhFna7I6sGDAHoWf7rW2t6pBXy4jpEjEQoSTI_7YjSqoCnjCtVX3XsOEWxquHInKbOFUEvj8QsQ0kg**

**https://www.facebook.com/photo/?fbid=122193236954031399&set=a.122130675002031399**

**https://www.instagram.com/p/C-A7YV-herz/**